# ਚਿਨਮਯ ਕ੍ਰਿਸ਼ਨਾ ਦਾਸ ਦੀ ਗਿਰਫਤਾਰੀ ਬਾਰੇ ਬਿਆਨ

26 ਨਵੰਬਰ, 2024

ਅਸੀਂ ਸ਼੍ਰੀ ਚਿਨਮਯ ਕ੍ਰਿਸ਼ਨਾ ਦਾਸ ਦੀ ਗਿਰਫਤਾਰੀ ਅਤੇ ਬੇਲ ਨੂੰ ਅਸਵੀਕਾਰ ਕਰਨ ਨੂੰ ਡੂੰਘੀ ਚਿੰਤਾ ਨਾਲ ਨੋਟ ਕੀਤਾ ਹੈ, ਜੋ ਬੰਗਲਾਦੇਸ਼ ਦੇ ਸੰਮਿਲਿਤ ਸਨਾਤਨ ਜਾਗਰਣ ਜੋਟੇ ਦੇ ਬੁਲਾਰੇ ਵੀ ਹਨ। ਇਹ ਘਟਨਾ ਬੰਗਲਾਦੇਸ਼ ਦੇ ਕੱਟੜਪੰਥੀ ਤੱਤਾਂ ਦੁਆਰਾ ਹਿੰਦੂਆਂ ਅਤੇ ਹੋਰ ਅਲਪਸੰਖਿਅਕਾਂ 'ਤੇ ਕਈ ਹਮਲਿਆਂ ਤੋਂ ਬਾਅਦ ਹੋਈ ਹੈ। ਅਲਪਸੰਖਿਅਕਾਂ ਦੇ ਘਰਾਂ ਅਤੇ ਵਪਾਰਕ ਸੰਸਥਾਵਾਂ ਦੀ ਅੱਗਜ਼ਨੀ ਅਤੇ ਲੁੱਟਣ ਦੇ ਨਾਲ-ਨਾਲ ਦੇਵਤਿਆਂ ਅਤੇ ਮੰਦਰਾਂ ਦੀ ਚੋਰੀ ਅਤੇ ਤੋੜ-ਫੋੜ ਅਤੇ ਅਪਵਿੱਤਰ ਕਰਨ ਦੇ ਕਈ ਦਸਤਾਵੇਜ਼ੀ ਮਾਮਲੇ ਹਨ।

ਇਹ ਬਦਕਿਸਮਤੀ ਹੈ ਕਿ ਜੱਦ ਕਿ ਇਨ੍ਹਾਂ ਘਟਨਾਵਾਂ ਦੇ ਅਪਰਾਧੀ ਵੱਡੇ ਪੱਧਰ 'ਤੇ ਹਨ, ਪਰ ਉਹਨਾਂ ਦੇ ਬਜਾਏ ਸ਼ਾਂਤੀਪੂਰਨ ਇਕੱਠ ਰਾਹੀਂ ਜਾਇਜ਼ ਮੰਗ ਪੇਸ਼ ਕਰਨ ਵਾਲੇ ਇੱਕ ਧਾਰਮਿਕ ਲੀਡਰ ਦੇ ਵਿਰੁੱਧ ਦੋਸ਼ ਲਾਏ ਜਾ ਰਹੇ ਹਨ। ਅਸੀਂ ਸ਼੍ਰੀ ਦਾਸ ਦੀ ਗਿਰਫਤਾਰੀ ਦੇ ਵਿਰੁੱਧ ਸ਼ਾਂਤੀ ਨਾਲ ਵਿਰੋਧ ਕਰਨ ਵਾਲੇ ਹੋਏ ਅਲਪਸੰਖਿਅਕਾਂ ਦੇ ਉੱਤੇ ਹੋਏ ਹਮਲਿਆਂ ਨੂੰ ਵੀ ਚਿੰਤਾ ਨਾਲ ਨੋਟ ਕੀਤਾ ਹੈ।

ਅਸੀਂ ਬੰਗਲਾਦੇਸ਼ ਅਧਿਕਾਰੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਹਿੰਦੂਆਂ ਅਤੇ ਸਾਰੇ ਅਲਪਸੰਖਿਅਕਾਂ ਦੇ ਸ਼ਾਂਤੀਪੂਰਨ ਤਰੀਕੇ ਨਾਲ ਇੱਕਤਰ ਹੋਣ ਅਤੇ ਪ੍ਰਗਟਾਵੇ ਦੇ ਹੱਕ ਸਮੇਤ ਉਹਨਾਂ ਦੀ ਸੁਰੱਖਿਆ ਅਤੇ ਸਲਾਮਤੀ ਨੂੰ ਯਕੀਨੀ ਬਣਾਏ।

**ਨਵੀਂ ਦਿੱਲੀ 26 ਨਵੰਬਰ, 2024**